BC CANCER COLON SCREENING
Provincial Health Services Authority

ਕੋਲਨ ਸਕ੍ਰੀਨਿੰਗ ਨਤੀਜਾ

Notice Date
Test Result Date:

JANE SAMPLE
123 EXAMPLE AVENUE
CITY, PROVINCE, POSTAL CODE

SAMPLE

ਨਤੀਜੇ ਦਾ ਨੋਟੀਫਿਕੇਸ਼ਨ – **ਫਾਲੋ-ਅੱਪ ਦੀ ਲੋੜ ਹੈ**

ਤੁਹਾਨੂੰ ਇਹ ਪੱਤਰ ਇਸ ਲਈ ਮਿਲ ਰਿਹਾ ਹੈ ਕਿਉਂਕਿ ਤੁਸੀਂ ਹਾਲ ਹੀ ਵਿੱਚ ਫੀਕਲ ਇਮਿਊਨੋਕੈਮੀਕਲ ਟੈਸਟ (FIT) ਪੂਰਾ ਕੀਤਾ ਹੈ। ਤੁਹਾਡੇ ਟੈਸਟ ਦੇ ਨਤੀਜੇ ਦਰਸਾਉਂਦੇ ਹਨ ਕਿ ਹੋਰ ਫਾਲੋ-ਅੱਪ ਦੀ ਲੋੜ ਹੈ। ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਹਾਡਾ ਕੋਲਨੋਸਕੋਪੀ ਮੁਲਾਂਕਣ ਕੀਤਾ ਜਾਵੇ।

ਕੋਲਨ ਸਕ੍ਰੀਨਿੰਗ ਦੇ ਨਤੀਜੇ ਤੋਂ ਬਾਅਦ ਫਾਲੋ-ਅੱਪ ਕਰਨਾ ਆਮ ਗੱਲ ਹੈ ਅਤੇ ਇਸ ਦਾ ਇਹ ਮਤਲਬ ਨਹੀਂ ਹੈ ਕਿ ਤੁਹਾਨੂੰ ਕੈਂਸਰ ਹੈ - FIT ਪੂਰਾ ਕਰਨ ਵਾਲੇ ਲਗਭਗ 10 ਪ੍ਰਤੀਸ਼ਤ ਲੋਕਾਂ ਨੂੰ ਹੋਰ ਫਾਲੋ-ਅੱਪ ਦੀ ਲੋੜ ਪੈਂਦੀ ਹੈ। ਐਪਰ , ਇਹ ਬਹੁਤ ਮਹੱਤਵਪੂਰਨ ਹੈ ਕਿ ਤੁਸੀਂ ਆਪਣੇ ਸਾਰੇ ਫਾਲੋ-ਅੱਪ ਐਪੁਆਇੰਟਮੈਟਾਂ ਵਿੱਚ ਹਾਜ਼ਰ ਹੋਵੋ।

ਅਗਲੇ ਕਦਮ: ਤੁਹਾਡੀ ਸਥਾਨਕ ਹੈਲਥ ਅਥਾਰਟੀ ਫਾਲੋ-ਅੱਪ ਦਾ ਸਮਾਂ ਨਿਰਧਾਰਤ ਕਰਨ ਲਈ ਤੁਹਾਡੇ ਨਾਲ ਸੰਪਰਕ ਕਰੇਗੀ। ਫਾਲੋ-ਅੱਪ ਆਮ ਤੌਰ 'ਤੇ ਕੋਲਨੋਸਕੋਪੀ ਹੁੰਦਾ ਹੈ। ਸਟਾਫ਼ ਵੱਲੋਂ ਤੁਹਾਡੇ ਨਾਲ ਸੰਪਰਕ ਕਰਨ ਵਿੱਚ ਕੁਝ ਸਮਾਂ ਲੱਗ ਸਕਦਾ ਹੈ। ਆਪਣੇ ਖੇਤਰ ਲਈ ਮੌਜੂਦਾ ਉਡੀਕ ਸਮੇਂ ਬਾਰੇ ਜਾਣਨ ਲਈ, ਕਿਰਪਾ ਕਰਕੇ ਰੈਫਰਲ ਸੈਂਟਰ ਦੇ ਫ਼ੋਨ ਨੰਬਰ 'ਤੇ ਕਾਲ ਕਰੋ।

ਰੈਫਰਲ ਸੈਂਟਰ ਨੂੰ ਤੁਹਾਡੇ ਬਾਰੇ ਪ੍ਰਦਾਨ ਕੀਤੀ ਗਈ ਸੰਪਰਕ ਜਾਣਕਾਰੀ ਇਹ ਹੈ:

H: 123-000-0000

M: 100-111-1111

ਜੇ ਇਹ ਜਾਣਕਾਰੀ ਗਲਤ ਹੈ, ਤਾਂ ਕਿਰਪਾ ਕਰਕੇ ਉਪਰੋਕਤ ਨੰਬਰ 'ਤੇ ਹੈਲਥ ਅਥਾਰਟੀ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਆਪਣੀ ਸਹੀ ਸੰਪਰਕ ਜਾਣਕਾਰੀ ਪ੍ਰਦਾਨ ਕਰੋ।

ਜੇ ਤੁਹਾਡੇ ਅਗਲੇ ਕਦਮਾਂ ਬਾਰੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਨਾਲ ਪਾਇਆ ਗਿਆ ਬ੍ਰੋਸ਼ਰ ਵੇਖੋ ਜਾਂ ਆਪਣੇ ਸਿਹਤ- ਸੰਭਾਲ ਪ੍ਰਦਾਨਕਰਤਾ ਨਾਲ ਸੰਪਰਕ ਕਰੋ।

ਜੇ ਤੁਹਾਡਾ ਪਤਾ ਬਦਲ ਗਿਆ ਹੈ, ਤਾਂ ਕਿਰਪਾ ਕਰਕੇ Health Insurance BC ਨਾਲ ਆਪਣਾ ਪਤਾ ਅੱਪਡੇਟ ਕਰਨ ਲਈ https://www.addresschange.gov.bc.ca/ 'ਤੇ ਜਾਉ ।

BC CANCER COLON SCREENING
Provincial Health Services Authority

ਕੋਲਨ ਸਕ੍ਰੀਨਿੰਗ ਨਤੀਜਾ

Important information, please translate.
重要信息，请翻译。
ਮਹੱਤਵਪੂਰਨ ਜਾਣਕਾਰੀ, ਕਿਰਪਾ ਕਰਕੇ ਅਨੁਵਾਦ ਕਰੋ।
Mahalagang impormasyon, mangyaring isalin sa wikang tagalog.
Información importante; por favor, tradúzcala.
معلومات مهمة ، يرجى الترجمة.

Information importante, veuillez traduire.
重要信息，請翻譯。
Wichtige Informationen, bitte übersetzen.
중요한 정보를 번역하십시오.
Tin tức quan trọng, xin phiên dịch.
اطلاعات مهم ، لطفاً ترجمه کنید.

ਤੁਹਾਡੀ ਨਿੱਜੀ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ ਅਤੇ **Personal Information Protection Act** ਅਤੇ, ਜਿੱਥੇ ਲਾਗੂ ਹੋਵੇ, **Freedom of Information and Protection of Privacy Act** ਦੇ ਅਨੁਸਾਰ ਅਣਅਧਿਕਾਰਤ ਵਰਤੋਂ ਅਤੇ ਖੁਲਾਸੇ ਤੋਂ ਸੁਰੱਖਿਅਤ ਰੱਖੀ ਜਾਂਦੀ ਹੈ, ਅਤੇ ਇਸ ਦੀ ਵਰਤੋਂ ਅਤੇ ਇਸ ਦਾ ਖੁਲਾਸਾ ਕੇਵਲ ਇਨ੍ਹਾਂ ਕਾਨੂੰਨਾਂ ਦੁਆਰਾ ਪ੍ਰਦਾਨ ਕੀਤੇ ਅਨੁਸਾਰ ਹੀ ਕੀਤਾ ਜਾ ਸਕਦਾ ਹੈ। ਨਿੱਜੀ ਜਾਣਕਾਰੀ ਦੀ ਵਰਤੋਂ ਡਾਕਟਰੀ ਸੇਵਾਵਾਂ ਪ੍ਰਦਾਨ ਕਰਨ ਅਤੇ ਮਰੀਜ਼ਾਂ ਨੂੰ Colon Screening Program ਸਹਾਇਤਾ ਪ੍ਰਦਾਨ ਕਰਨ ਲਈ ਕੀਤੀ ਜਾਂਦੀ ਹੈ। ਇਕੱਠੀ ਕੀਤੀ ਗਈ ਜਾਣਕਾਰੀ ਦੀ ਵਰਤੋਂ ਕੁਆਲਿਟੀ ਭਰੋਸੇ ਲਈ ਕੀਤੀ ਜਾਂਦੀ ਹੈ ਅਤੇ ਇਸ ਦਾ ਖੁਲਾਸਾ ਉਹਨਾਂ ਸਿਹਤ ਸੰਭਾਲ ਪੇਸ਼ੇਵਰਾਂ ਨੂੰ ਕੀਤਾ ਜਾਂਦਾ ਹੈ ਜੋ ਦੇਖਭਾਲ ਪ੍ਰਦਾਨ ਕਰਨ ਵਿੱਚ ਸ਼ਾਮਲ ਹਨ ਜਾਂ ਜਦੋਂ ਕਾਨੂੰਨ ਅਨੁਸਾਰ ਇਸ ਦੀ ਲੋੜ ਹੁੰਦੀ ਹੈ। ਇਸ ਤੋਂ ਇਲਾਵਾ, Colon Screening Program ਮਰੀਜ਼ਾਂ ਨੂੰ ਨਤੀਜਿਆਂ ਬਾਰੇ ਸੂਚਿਤ ਕਰੇਗਾ, ਮਰੀਜ਼ਾਂ ਅਤੇ ਉਨ੍ਹਾਂ ਦੇ ਸਿਹਤ ਸੰਭਾਲ ਪ੍ਰਦਾਨਕਰਤਿਆਂ ਨੂੰ ਦੁਬਾਰਾ ਸਕ੍ਰੀਨਿੰਗ ਜਾਂ ਫਾਲੋ-ਅੱਪ ਬਾਰੇ ਯਾਦ ਦਿਵਾਏਗਾ ਅਤੇ ਸਕ੍ਰੀਨਿੰਗ ਪ੍ਰਕਿਰਿਆ ਦੀ ਗੁਣਵੱਤਾ ਅਤੇ ਕਾਰਗੁਜ਼ਾਰੀ ਦਾ ਸੰਚਾਲਨ ਅਤੇ ਨਿਗਰਾਨੀ ਕਰੇਗਾ।
BC Cancer ਵੱਲੋਂ ਇਸ ਜਾਣਕਾਰੀ ਦੇ ਇਕੱਠੇ ਕਰਨ ਸੰਬੰਧੀ ਕਿਸੇ ਵੀ ਸਵਾਲ ਲਈ ਸੰਪਰਕ ਕੀਤਾ ਜਾ ਸਕਦਾ ਹੈ: 801 – 686 West Broadway, Vancouver BC V5Z 1G1, ਜਾਂ ਈਮੇਲ: screening@bccancer.bc.ca। ਜੇ ਇਹ ਜਾਣਕਾਰੀ ਤੁਹਾਨੂੰ ਗਲਤੀ ਨਾਲ ਪ੍ਰਾਪਤ ਹੋਈ ਹੈ, ਤਾਂ ਕਿਰਪਾ ਕਰਕੇ ਤੁਰੰਤ ਭੇਜਣ ਵਾਲੇ ਨਾਲ ਸੰਪਰਕ ਕਰੋ।

SAMPLE